# ਪੰਜਾਬ ਦੇ ਮਹਾਨ ਸੁਤੰਤਰਤਾ ਸੰਗਰਾਮੀਆਂ ਨੂੰ ਕੋਟਿਨ-ਕੋਟਿ ਪ੍ਰਣਾਮ



"ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ, ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਅਹਿਮ ਯੋਗਦਾਨ ਪਾਉਣ ਵਾਲੇ ਪੰਜਾਬ ਦੇ ਮਹਾਨ ਯੋਧਿਆਂ ਨੂੰ ਸ਼ਰਧਾਪੂਰਵਕ ਸਤਿਕਾਰ ਭੇਟ ਕਰਦੇ ਹਾਂ।"

**ਭਗਵੰਤ ਮਾਨ**
ਮੁੱਖ ਮੰਤਰੀ,ਪੰਜਾਬ

## ਸਾਡੇ ਯੋਧੇ, ਸਾਡਾ ਮਾਣ



**ਗੋਬਿੰਦਰ ਸਿੰਘ ਪੁੱਤਰ ਅਤਰ ਸਿੰਘ**
ਗਿੱਲਾਂ ਵਾਲੀ ਗਲੀ, ਨਾਭਾ, ਜ਼ਿਲ੍ਹਾ ਪਟਿਆਲਾ

ਆਜ਼ਾਦੀ ਸੰਘਰਸ਼ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ ਜੈਤੋਂ ਦੇ ਮੋਰਚੇ ਅਤੇ ਪਰਜਾ ਮੰਡਲ ਲਹਿਰ ਵਿੱਚ ਯੋਗਦਾਨ ਪਾਇਆ। ਆਜ਼ਾਦੀ ਦੀ ਲੜਾਈ ਵਿੱਚ ਪਾਏ ਯੋਗਦਾਨ ਕਾਰਨ ਉਨ੍ਹਾਂ ਨੂੰ ਤਾਮਰ ਪੱਤਰ ਭੇਟ ਕੀਤਾ ਗਿਆ।



**ਅਜਮੇਰ ਸਿੰਘ ਪੁੱਤਰ ਮੋਦਨ ਸਿੰਘ**
ਪਿੰਡ ਪੱਤੋ ਹੀਰਾ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਸੁਤੰਤਰਤਾ ਸੰਘਰਸ਼ ਦੌਰਾਨ ਬਰਮਾ ਦੀ ਰੰਗੂਨ ਜੇਲ੍ਹ ਵਿੱਚ ਰਹੇ। ਆਜ਼ਾਦੀ ਸੰਘਰਸ਼ ਲਈ ਪਾਏ ਯੋਗਦਾਨ ਬਦਲੇ ਭਾਰਤ ਸਰਕਾਰ ਨੇ ਅਜਮੇਰ ਸਿੰਘ ਨੂੰ ਤਾਮਰ ਪੱਤਰ ਨਾਲ ਸਨਮਾਨਤ ਕੀਤਾ।



**ਜੋਗਿੰਦਰ ਸਿੰਘ ਪੁੱਤਰ ਬਿਸ਼ਨ ਸਿੰਘ**
ਪਿੰਡ- ਝੰਡੇਵਾਲਾ, ਜ਼ਿਲ੍ਹਾ ਮੋਗਾ

1939 ਵਿਚ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋਏ। ਆਜ਼ਾਦੀ ਸੰਘਰਸ਼ ਲਈ ਡਟ ਕੇ ਲੜੇ। ਪਿੰਡ ਝੰਡੇਆਣਾ ਦੇ ਸਰਪੰਚ ਵੀ ਰਹੇ। ਉਨ੍ਹਾਂ ਦੀ 2002 ਵਿਚ ਮੌਤ ਹੋ ਗਈ। ਭਾਰਤ ਸਰਕਾਰ ਨੇ ਤਾਮਰ ਪੱਤਰ ਨਾਲ ਸਨਮਾਨਤ ਕੀਤਾ।



**ਅਰਜੁਨ ਸਿੰਘ ਪੁੱਤਰ ਜੀਵਨ ਸਿੰਘ**
ਮਾਨਸਾ

ਅਰਜੁਨ ਸਿੰਘ 1935 ਤੋਂ 1941 ਤੱਕ ਦੂਜੇ ਵਿਸ਼ਵ ਯੁੱਧ ਦਾ ਹਿੱਸਾ ਰਹੇ ਅਤੇ ਸਿੰਗਾਪੁਰ ਵਿਖੇ 5 ਸਾਲ ਕੈਦ ਵਿੱਚ ਰਹੇ। ਇਨ੍ਹਾਂ ਨੂੰ 15 ਅਗਸਤ. 1972 ਨੂੰ ਤਾਮਰ ਪੱਤਰ ਦਿੱਤਾ ਗਿਆ।



**ਨੌਬਤ ਰਾਏ ਦਰਦੀ ਪੁੱਤਰ ਪਰਮਾਨੰਦ**
ਸਦਰ ਬਾਜਾਰ, ਰੋਪੜ

ਨੌਬਤ ਰਾਏ ਦਰਦੀ ਪੁੱਤਰ ਪਰਮਾਨੰਦ ਦਾ ਜਨਮ 9 ਜਨਵਰੀ, 1915 ਨੂੰ ਹੋਇਆ। ਉਨ੍ਹਾਂ ਰੋਪੜ ਨਹਿਰ ਪੁੱਲ ਉੱਤੇ ਅੰਗਰੇਜ਼ ਅਫ਼ਸਰ ਦਾ ਵਿਰੋਧ ਕਰਨ ਤੇ 5-6 ਮਹੀਨੇ ਅੰਬਾਲੇ ਜੇਲ੍ਹ ਵਿੱਚ ਸਜ਼ਾ ਕੱਟੀ। ਰੋਪੜ ਸ਼ਹਿਰ ਆਉਣ ਉੱਤੇ ਪਾਬੰਦੀ ਲਗਾ ਦਿੱਤੀ। ਉਨ੍ਹਾਂ ਨੂੰ ਆਪਣੀ ਮਾਂ ਦੇ ਸਸਕਾਰਾਂ ਦੇ ਆਉਣ ਉੱਤੇ ਵੀ ਰੋਕਿਆ ਗਿਆ। ਇਨ੍ਹਾਂ ਦੀ ਮੌਤ 25 ਮਈ, 1995 ਨੂੰ ਹੋਈ। 1972 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਤਾਮਰ ਪੱਤਰ ਦਿੱਤਾ ਗਿਆ।



**ਤੇਜਾ ਸਿੰਘ ਪੁੱਤਰ ਮੰਗਲ ਸਿੰਘ**
ਮਾਡਲ ਟਾਊਨ,
ਪਾਵਰ ਕਾਲੋਨੀ, ਪਟਿਆਲਾ

22 ਜਨਵਰੀ, 1922 ਨੂੰ ਜਨਮੇ ਤੇਜਾ ਸਿੰਘ ਗਿੱਲ ਪੁੱਤਰ ਮੰਗਲ ਸਿੰਘ ਨੇ ਕੇਵਲ 14 ਸਾਲ ਦੀ ਉਮਰ ਵਿੱਚ ਹੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਗਤੀਵਿਧੀਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਵਾਰੰਟ ਜਾਰੀ ਹੋਣ ਕਰਕੇ ਉਨ੍ਹਾਂ ਨੂੰ 2 ਸਾਲ (1937-1939) ਮੰਡੀ ਬੂਰੇਵਾਲਾ ਤੇ ਵੇਹੜੀ ਮੰਡੀ (ਮੁਲਤਾਨ) ਵਿਖੇ ਨਜ਼ਰਬੰਦ ਰਹਿਣਾ ਪਿਆ। ਇਸ ਤੋਂ ਬਾਅਦ ਸੰਨ 1942 ਵਿੱਚ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲੈਣ ਕਾਰਨ ਅਦਾਲਤ ਵੱਲੋਂ 8 ਮਹੀਨੇ ਦੀ ਸ਼ਖਤ ਸਜ਼ਾ ਸੁਣਾਈ ਗਈ ਤੇ ਪੁਰਾਣੀ ਸੈਂਟਰਲ ਜੇਲ੍ਹ ਮੁਲਤਾਨ ਭੇਜ ਦਿੱਤਾ ਗਿਆ। ਇਸੇ ਅੰਦੋਲਨ ਤਹਿਤ 1943 ਵਿੱਚ ਉਨ੍ਹਾਂ 3 ਮਹੀਨੇ ਦੀ ਸਜ਼ਾ ਸਿਆਲਕੋਟ ਜੇਲ੍ਹ ਵਿੱਚ ਬਾਮੁਸ਼ੱਕਤ ਕੱਟੀ। ਦੇਸ਼ ਭਗਤੀ ਦੇ ਜਜ਼ਬੇ ਦਾ ਸਨਮਾਨ ਕਰਦਿਆਂ ਉਨ੍ਹਾਂ ਨੂੰ ਤਾਮਰ ਪੱਤਰ ਦੇ ਕੇ ਸਨਮਾਨਿਆ ਗਿਆ।



**ਪੂਰਨ ਸਿੰਘ ਪੁੱਤਰ ਜਵਾਹਰ ਸਿੰਘ**
ਪਿੰਡ ਦਾਤੇਵਾਸ, ਮਾਨਸਾ

ਪੂਰਨ ਸਿੰਘ ਪਿੰਡ ਦਾਤੇਵਾਸ ਨੇ ਸੁਤੰਤਰਤਾ ਸੰਗਰਾਮ ਵਿੱਚ ਯੋਗਦਾਨ ਪਾਇਆ ਅਤੇ ਸਿੰਗਾਪੁਰ ਅਤੇ ਜਾਪਾਨ ਦੇ ਯੁੱਧ ਵਿੱਚ ਹਿੱਸਾ ਲਿਆ। ਉਨ੍ਹਾਂ ਕਲਕੱਤਾ ਵਿਖੇ 6 ਮਹੀਨੇ ਦੀ ਸਜ਼ਾ ਕੱਟੀ ਅਤੇ 1972 ਵਿੱਚ ਤਾਮਰ ਪੱਤਰ ਨਾਲ ਨਿਵਾਜਿਆ ਗਿਆ।



**ਲਾਲ ਸਿੰਘ ਪੁੱਤਰ ਝੰਡਾ ਸਿੰਘ**
ਨੰਗਲ ਲੁਬਾਣਾ, ਕਪੂਰਥਲਾ

ਲਾਲ ਸਿੰਘ ਜੀ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਦੇਸ਼ ਦੀ ਆਜ਼ਾਦੀ ਲਈ ਤਿਆਰ ਕੀਤੀ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਕੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਬਰਤਾਨਵੀ ਫੌਜ ਨਾਲ ਕਈ ਮੋਰਚਿਆਂ 'ਤੇ ਲੋਹਾ ਲਿਆ। ਲਾਲ ਸਿੰਘ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।



**ਸੁੰਦਰ ਲਾਲ ਦੁਆ ਪੁੱਤਰ ਗੰਗਾ ਰਾਮ**
ਲੁਧਿਆਣਾ

ਸੁੰਦਰ ਲਾਲ ਜੀ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਦੇਸ਼ ਦੀ ਆਜ਼ਾਦੀ ਲਈ ਤਿਆਰ ਕੀਤੀ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਕੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।



**ਵੇਦ ਪ੍ਰਕਾਸ਼ ਪੁੱਤਰ ਬਦਰੀ ਨਾਥ**
ਗੁਰਦਾਸਪੁਰ

ਵੇਦ ਪ੍ਰਕਾਸ਼ ਜੀ ਨੇ ਮਹਾਤਮਾ ਗਾਂਧੀ ਜੀ ਵੱਲੋਂ ਅੰਗਰੇਜ਼ਾਂ ਵਿਰੁੱਧ 1942 ਵਿੱਚ ਸ਼ੁਰੂ ਕੀਤੇ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ ਉਨ੍ਹਾਂ ਲਾਲ ਝੰਡਾ ਅਤੇ ਪ੍ਰਜਾਪਤ ਅੰਦੋਲਨ ਵਿੱਚ ਵੀ ਹਿੱਸਾ ਲਿਆ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।



**ਮੋਹਨ ਸਿੰਘ ਪੁੱਤਰ ਨੱਥਾ ਸਿੰਘ**
ਝਬਕਰਾ, ਗੁਰਦਾਸਪੁਰ

ਮੋਹਨ ਸਿੰਘ ਜੀ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਦੇਸ਼ ਦੀ ਆਜ਼ਾਦੀ ਲਈ ਤਿਆਰ ਕੀਤੀ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਕੇ ਦੂਜੀ ਵਿਸ਼ਵ ਜੰਗ ਵਿੱਚ ਹਿੱਸਾ ਲਿਆ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।




**ਜਵਾਹਰ ਲਾਲ ਸ਼ਰਮਾ ਪੁੱਤਰ ਦੌਲਤ ਸ਼ਰਮਾ**
ਭਗਵਾਨਪੁਰ, ਜਲੰਧਰ

ਜਵਾਹਰ ਲਾਲ ਸ਼ਰਮਾ ਜੀ ਨੇ ਅੰਗਰੇਜ਼ਾਂ ਵਿਰੁੱਧ 1942 ਵਿੱਚ ਸ਼ੁਰੂ ਕੀਤੇ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲਿਆ ਅਤੇ 12 ਸਾਲ ਦੀ ਉਮਰ ਵਿੱਚ ਛੇ-ਛੇ ਮਹੀਨਿਆਂ ਦੀ ਤਿੰਨ ਵਾਰ ਜੇਲ੍ਹ ਵੀ ਕੱਟੀ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।




**ਚੱਗਰ ਸਿੰਘ ਪੁੱਤਰ ਵਕੀਲ ਸਿੰਘ**
ਚੱਕ ਨੂਰ ਅਲੀ, ਹੁਸ਼ਿਆਰਪੁਰ

ਚੱਗਰ ਸਿੰਘ ਜੀ ਦੇਸ਼ ਦੀ ਆਜ਼ਾਦੀ ਲਈ ਨਿਰੰਤਰ ਸੰਘਰਸ਼ਸ਼ੀਲ ਰਹੇ। ਉਨ੍ਹਾਂ ਸੰਘਰਸ਼ ਦੌਰਾਨ ਭੁੱਖ ਹੜਤਾਲ ਵੀ ਕੀਤੀ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ।



**ਮਲਕੀਤ ਸਿੰਘ ਪੁੱਤਰ ਪਿਰਥੀ ਸਿੰਘ**
ਪਿੰਡ ਅਗੰਮਪੁਰ, ਤਹਿ. ਸ੍ਰੀ ਅਨੰਦਪੁਰ ਸਾਹਿਬ

ਮਲਕੀਤ ਸਿੰਘ ਪੁੱਤਰ ਪਿਰਥੀ ਸਿੰਘ 1941 ਵਿੱਚ ਆਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲੈਣ ਦੇ ਦੋਸ਼ ਵਜੋਂ ਕਾਲੇ ਪਾਣੀ ਦੀ ਸਜ਼ਾ ਕੱਟਣ ਲਈ ਭੇਜ ਦਿੱਤਾ। ਭਾਰਤ ਦੀ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਮੌਕੇ 1972 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪ ਜੀ ਨੂੰ ਤਾਮਰ ਪੱਤਰ ਭੇਟ ਕੀਤਾ ਗਿਆ। ਆਪ ਜੀ 15 ਦਸੰਬਰ, 1986 ਨੂੰ ਸਵਰਗ ਸਿਧਾਰ ਗਏ।



**ਮਾਨ ਸਿੰਘ ਪੁੱਤਰ ਠਾਕਰ ਸਿੰਘ**
ਫ਼ਿਰੋਜ਼ਪੁਰ

ਮਾਨ ਸਿੰਘ ਜੀ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਦੇਸ਼ ਦੀ ਆਜ਼ਾਦੀ ਲਈ ਤਿਆਰ ਕੀਤੀ ਆਜ਼ਾਦ ਹਿੰਦ ਫੌਜ ਵਿੱਚ ਹਿੱਸਾ ਲਿਆ। ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਤਾਮਰ ਪੱਤਰ ਨਾਲ ਸਨਮਾਨਿਆ ਗਿਆ।



**ਰਤਨ ਸਿੰਘ ਪੁੱਤਰ ਇੰਦਰ ਸਿੰਘ**
ਪਿੰਡ ਢੇਰ, ਤਹਿ. ਸ੍ਰੀ ਅਨੰਦਪੁਰ ਸਾਹਿਬ

ਸਰਦਾਰ ਰਤਨ ਸਿੰਘ ਪੁੱਤਰ ਇੰਦਰ ਸਿੰਘ ਦਾ ਜਨਮ 12 ਦਸੰਬਰ, 1923 ਨੂੰ ਪਿੰਡ ਢੇਰ ਵਿਖੇ ਹੋਇਆ। ਸਾਲ 1943 ਵਿੱਚ ਆਪ ਨੇ ਮੈਟ੍ਰਿਕ ਦੀ ਸਿੱਖਿਆ ਮੁਕੰਮਲ ਕਰਨ ਉਪਰੰਤ ਸਰਕਾਰੀ ਸਕੂਲ ਭਲਿਆਣ ਵਿਖੇ ਅਧਿਆਪਕ ਵਜੋਂ ਨੌਕਰੀ ਕੀਤੀ। ਇਸ ਉਪਰੰਤ ਰੋਇਲ ਇੰਡੀਅਨ ਨੇਵੀ ਵਿੱਚ ਇੰਜਨ ਰੂਮ ਆਰਟੀਫੀਸ਼ਲ ਵਜੋਂ ਨੌਕਰੀ ਕਰਨ ਲੱਗੇ। ਇਸ ਨੌਕਰੀ ਦੌਰਾਨ ਉਨ੍ਹਾਂ ਦੇ ਮਨ ਵਿੱਚ ਦੇਸ਼ ਦੀ ਆਜ਼ਾਦੀ ਪ੍ਰਤੀ ਚਿਣਗ ਜਾਗੀ ਅਤੇ 18 ਫਰਵਰੀ, 1946 ਦੇ ਵਿਦਰੋਹ ਵਿੱਚ ਸ਼ਾਮਲ ਹੋ ਗਏ। ਜਿਸ ਤੋਂ ਬਾਅਦ ਇਨ੍ਹਾਂ ਨੂੰ ਪੂਨੇ ਦੀ ਯਰਵਦਾ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ। ਭਾਰਤ ਦੀ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਮੌਕੇ 1972 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪ ਨੂੰ ਤਾਮਰ ਪੱਤਰ ਭੇਟ ਕੀਤਾ ਗਿਆ। ਆਪ ਜੀ 18 ਮਈ, 2018 ਨੂੰ ਆਪ ਸਵਰਗ ਸਿਧਾਰ ਗਏ।



**ਕਿਰਪਾ ਸਿੰਘ ਪੁੱਤਰ ਜਵਾਹਰ ਸਿੰਘ**
ਪਿੰਡ ਮੀਰਪੁਰ, ਨੂਰਪੁਰ ਬੇਦੀ,
ਤਹਿਸੀਲ, ਸ੍ਰੀ ਅਨੰਦਪੁਰ ਸਾਹਿਬ

ਕਿਰਾਪਲ ਸਿੰਘ ਪੁੱਤਰ ਜਵਾਹਰ ਸਿੰਘ ਵਾਸੀ ਪਿੰਡ ਮੀਰਪੁਰ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਨੂੰ ਭਾਰਤ ਦੀ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਮੌਕੇ 1972 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪ ਨੂੰ ਤਾਮਰ ਪੱਤਰ ਭੇਟ ਕੀਤਾ ਗਿਆ।